# Punjab School Education Board
# (Press Note)

## The Education Board reviews the special needs students and open school admissions

In the series of meeting initiated by Chairman , Punjab School education Board to review and improve policy matter on open school admission process and differently abled students today a meeting was held under the headship of Chairman Punjab School Education Board in which DGSE, Punjab, DPI elementary cum Director SCERT, Secretary Punjab School Education Board and representative of various schools for intellectually handicapped, school for deaf and dumb, govt. School for intellectually handicapped etc were present.

The meeting was taken to review the syllabus, question paper structure, policy to conduct exam and evaluation of differently abled student, in light of recent order of Honourable High Court. Representatives of different organisation who was involved in teaching and enrolling differently abled students reported various complications in teaching and curriculum which need to be addressed by PSEB by reviewing the syllabus for differently abled students.

The data of past few years was taken into consideration observing which a decline in continuity of studies in higher classes was noted. Chairman, Punjab School Education Board stated that for inclusive education measures should be taken to discourage drop outs in higher classes of differently abled students by improving upon and designing syllabus according to the needs of such students.

Also open school admission system was reviewed keeping in mind the essence of open schooling system. A decision was reviewed to allow open school students to submit examination fee along with admission fee to avoid unnecessary trips to deposit fee in banks.

On other hand Chairman also directed the open school branch to review open school accreditation centre policy and open school admission in such centres to curb bulk admission in particular region or school and hence to cut on menace of fake admission through open schooling and discourage exploitation of parents and students at the hand of a few selfish people who catch them in their net.

**Date:-10-04-2018**

**Komal Singh (Public Relation Office)**
**Punjab School Education Board**

Scanned by CamScanner

# ਪੰਜਾਬ ਸਕੂਲ ਸਿੱਖਿਆ ਬੋਰਡ

## (ਪ੍ਰੈੱਸ ਨੋਟ)

## ਸਿੱਖਿਆ ਬੋਰਡ ਵੱਲੋਂ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਤੇ ਓਪਨ ਸਕੂਲ ਦੇ ਦਾਖਲਿਆਂ ਸਬੰਧੀ ਸਮੀਖਿਆ

ਐੱਸ.ਏ.ਐੱਸ. ਨਗਰ 10 ਅਪ੍ਰੈਲ ( ) ਸਿੱਖਿਆ ਬੋਰਡ ਦੇ ਬੁਲਾਰੇ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਓਪਨ ਸਕੂਲ ਦਾਖਲਿਆਂ ਅਤੇ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਦੇ ਦਾਖ਼ਲੇ ਦੀ ਪ੍ਰਕਿਰਿਆ ਅਤੇ ਇਮਤਿਹਾਨਾਂ ਦੇ ਪ੍ਰਬੰਧਾਂ ਸਬੰਧੀ ਸਮੀਖਿਆ ਤੇ ਸੁਧਾਰ ਲਈ ਬੋਰਡ ਚੇਅਰਮੈਨ ਸ੍ਰੀ ਮਨੋਹਰ ਕਾਂਤ ਕਲੋਹੀਆ ਦੀ ਪ੍ਰਧਾਨਗੀ ਵਿੱਚ ਮੀਟਿੰਗ ਹੋਈ। ਇਸ ਮੀਟਿੰਗ ਵਿਚ ਸ੍ਰੀ ਪ੍ਰਸ਼ਾਂਤ ਗੋਇਲ ਬੋਰਡ ਵਾਇਸ ਚੇਅਰਮੈਨ-ਕਮ-ਡੀਜੀਐਸਈ ਪੰਜਾਬ, ਸ੍ਰੀ ਇੰਦਰਜੀਤ ਸਿੰਘ ਡੀਪੀਆਈ ਐਲੀਮੈਂਟਰੀ-ਕਮ-ਡਾਇਰੈਕਟਰ ਐਸ.ਸੀ.ਈ.ਆਰ.ਟੀ., ਸ੍ਰੀਮਤੀ ਹਰਗੁਣਜੀਤ ਕੌਰ ਸਕੱਤਰ ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦੇ ਹਾਜ਼ਰ ਹੋਏ।

ਸਿੱਖਿਆ ਬੋਰਡ ਦੇ ਬੁਲਾਰੇ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਾਣਯੋਗ ਹਾਈ ਕੋਰਟ ਦੇ ਪਿਛਲੇ ਦਿਨੀਂ ਜਾਰੀ ਹੁਕਮਾਂ ਦੇ ਮੱਦੇਨਜ਼ਰ ਵਿਸ਼ੇਸ਼ ਲੋੜਾਂ ਵੱਲੇ ਬੱਚਿਆਂ ਦੀ ਸਿੱਖਿਆ ਦੇ ਸਬੰਧ 'ਚ ਪਾਠਕ੍ਰਮ, ਪ੍ਰਸ਼ਨ ਪੱਤਰ ਦੀ ਬਣਤਰ ਤੇ ਵਿਸ਼ੇਸ਼ ਜਰੂਰਤਾਂ ਵਾਲੇ ਬੱਚਿਆਂ ਦੀ ਪੜਤਾਲ ਕਰਨ ਦੀ ਨੀਤੀ ਦੀ ਸਮੀਖਿਆ ਕਰਨ ਲਈ ਕਿਹਾ ਗਿਆ ਸੀ। ਵੱਖ-ਵੱਖ ਸੰਸਥਾਵਾਂ ਦੇ ਪ੍ਰਤੀਨਿਧੀ, ਜੋ ਕਿ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਨੂੰ ਪੜ੍ਹਾਉਣ ਅਤੇ ਦਾਖ਼ਲ ਕਰਨ ਵਿੱਚ ਸ਼ਾਮਲ ਸਨ, ਨੇ ਪੜ੍ਹਾਉਣ ਅਤੇ ਪਾਠਕ੍ਰਮਾਂ ਵਿੱਚ ਵੱਖ-ਵੱਖ ਜਟਿਲਤਾਵਾਂ ਦੀ ਰਿਪੋਰਟ ਮੀਟਿੰਗ ਦੌਰਾਨ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਦਿੱਤੀ। ਮੀਟਿੰਗ ਦੌਰਾਨ ਵਿਸ਼ਾ ਕੰਬੀਨੇਸ਼ਨ ਸਰਲ ਕਰਦੇ ਹੋਏ ਡੇਟਸ਼ੀਟ ਨੂੰ ਸੌਖਾਲਾ ਬਣਾਏ ਜਾਣ ਦੇ ਸੁਝਾਅ ਪ੍ਰਾਪਤ ਹੋਏ। ਇਸਤੋਂ ਇਲਾਵਾ ਪਾਠਕ੍ਰਮ ਨੂੰ ਘਟਾਉਣ, ਉਦਾਰਵਾਦੀ ਬਣਾਉਣ ਤੇ ਮਾਡਲ ਟੈਸਟ ਪੇਪਰ ਵੀ ਤਿਆਰ ਕਰਨ ਦੀ ਗੱਲ ਮੀਟਿੰਗ ਵਿੱਚ ਸਾਂਝੀ ਕੀਤੀ ਗਈ।

ਪਿਛਲੇ ਕੁਝ ਸਾਲਾਂ ਦੇ ਅੰਕੜੇ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਦੇਖਿਆ ਗਿਆ ਹੈ ਕਿ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦਾ ਉੱਚ ਸ਼੍ਰੇਣੀਆਂ ਵਿਚ ਪੜ੍ਹਾਈ ਜਾਰੀ ਰੱਖਣ ਦਾ ਗਰਾਫ ਘਟਿਆ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਸ੍ਰੀ ਕਲੋਹੀਆ ਨੇ ਕਿਹਾ ਕਿ ਅਜਿਹੇ ਵਿਦਿਆਰਥੀਆਂ ਦੀਆਂ ਜ਼ਰੂਰਤਾਂ ਦੇ ਅਨੁਸਾਰ ਸਿਲੇਬਸ ਨੂੰ ਬਿਹਤਰ ਬਣਾ ਕੇ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਨੂੰ ਸਕੂਲ ਛੱਡਣ ਤੋਂ ਰੋਕਣ ਲਈ ਉਪਾਅ ਕੀਤਾ ਜਾਣਾ ਬਣਦਾ ਹੈ ਤਾਂ ਜੋ ਉਹ ਆਪਣੀ ਸਿੱਖਿਆ ਪੂਰਨ ਕਰ ਸਕਣ।

ਸਿੱਖਿਆ ਬੋਰਡ ਦੇ ਬੁਲਾਰੇ ਨੇ ਪ੍ਰੈਸ ਨੂੰ ਜਾਣਕਾਰੀ ਦਿੱਤੀ ਕਿ ਓਪਨ ਸਕੂਲ ਪ੍ਰਣਾਲੀ ਦੇ ਅਸਲ ਸ਼ਬਦਾਂ 'ਚ ਲਾਗੂ ਹੋਣ ਸਬੰਧੀ ਵੀ ਧਿਆਨ ਵਿੱਚ ਰੱਖਦੇ ਹੋਏ ਓਪਨ ਸਕੂਲ ਦਾਖਲਾ ਪ੍ਰਣਾਲੀ ਦਾ ਰਿਵਿਊ ਕੀਤਾ ਗਿਆ।ਓਪਨ ਸਕੂਲ ਦੇ ਵਿਦਿਆਰਥੀਆਂ ਨੂੰ ਬੈਂਕਾਂ ਵਿੱਚ ਫੀਸ ਜਮ੍ਹਾਂ ਕਰਨ ਲਈ ਬੇਲੋੜੇ ਚੱਕਰਾਂ ਤੋਂ ਬਚਣ ਲਈ ਪ੍ਰੀਖਿਆ ਫੀਸ ਦਾਖਲਾ ਫੀਸ ਦੇ ਨਾਲ ਹੀ ਜਮ੍ਹਾਂ ਕਰਨ ਦੀ ਆਗਿਆ ਦੇਣ ਸਬੰਧੀ ਫੈਸਲੇ ਦੀ ਸਮੀਖਿਆ ਕੀਤੀ ਗਈ।

ਚੇਅਰਮੈਨ ਸ੍ਰੀ ਕਲੋਹੀਆ ਨੇ ਓਪਨ ਸਕੂਲ ਬ੍ਰਾਂਚ ਨੂੰ ਨਿਰਦੇਸ਼ ਦਿੱਤਾ ਕਿ ਉਹ ਓਪਨ ਸਕੂਲ ਐਕਰੀਡਿਟੇਸ਼ਨ ਸੈਂਟਰ ਦੀ ਨੀਤੀ ਅਤੇ ਅਜਿਹੇ ਖੇਤਰਾਂ ਵਿਚ ਸਕੂਲ ਦਾਖਲਿਆਂ ਦੀ ਸਮੀਖਿਆ ਕੀਤੀ ਜਾਵੇ ਜਿੱਥੇ ਕੁਝ ਸਵਾਰਥੀ ਲੋਕ ਮਾਪਿਆਂ ਦੀ ਲੁੱਟ-ਖਸੁੱਟ ਕਰਨ ਲਈ ਵੱਡੀ ਗਿਣਤੀ ਵਿਚ ਜਾਅਲੀ ਦਾਖਲਿਆਂ ਨੂੰ ਪ੍ਰੋਤਸਾਹਿਤ ਕਰਕੇ ਆਪਣੇ ਜਾਲ ਵਿੱਚ ਹੀ ਫਸਾ ਲੈਂਦੇ ਹਨ। ਓਪਨ ਸਕੂਲ ਪ੍ਰਣਾਲੀ 'ਚ ਜਾਅਲੀ ਦਾਖਲਿਆਂ 'ਤੇ ਰੋਕ ਲਾਉਣ ਲਈ ਵੀ ਮੀਟਿੰਗ ਦੌਰਾਨ ਵਿਚਾਰ ਕੀਤੀ ਗਈ।

ਮਿਤੀ:-10-04-2018

ਕੋਮਲ ਸਿੰਘ (ਲੋਕ ਸੰਪਰਕ ਦਫ਼ਤਰ)
ਪੰਜਾਬ ਸਕੂਲ ਸਿੱਖਿਆ ਬੋਰਡ

Scanned by CamScanner